# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

## 20:30

**ਮਿਤੀ : 04-10-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਨੇ ਕਿਹਾ ਏ ਕਿ ਅੰਤਰਰਾਸ਼ਟਰੀ ਸ਼ਾਂਤੀ ਅਤੇ ਸੁਰੱਖਿਆ, ਸਪਲਾਈ ਚੇਨ ਦੀ ਮਜ਼ਬੂਤੀ ਅਤੇ ਸੰਪਰਕ, ਉੱਭਰਦੀਆਂ ਅਤੇ ਦਰਮਿਆਨੇ ਦਰਜੇ ਦੀਆਂ ਤਾਕਤਾਂ ਲਈ ਮੁੱਖ ਏਜੰਡਾ ਨੇ।

- ਸਰਕਾਰ ਨੇ ਕਿਹਾ ਏ ਕਿ ਹਾਲੀਆ ਸਾਲਾਂ ਵਿੱਚ, ਭਾਰਤ ਦੀ ਆਰਥਿਕ ਮਜ਼ਬੂਤੀ ਦਾ ਮੁੱਖ ਕਾਰਨ, ਵਿੱਤੀ ਖੇਤਰ ਵਿੱਚ ਕੀਤੇ ਗਏ ਸੁਧਾਰ ਰਹੇ ਨੇ।

- ਭਾਰਤ ਅਤੇ ਕੈਨੇਡਾ ਦਰਮਿਆਨ ਕੱਲ੍ਹ ਓਟਾਵਾ ਵਿੱਚ ਤਜਵੀਜ਼ਸ਼ੁਦਾ 'ਵਿਆਪਕ ਆਰਥਿਕ ਭਾਈਵਾਲੀ ਸਮਝੌਤੇ' (CEPA) ਬਾਰੇ ਪੰਜਵੇਂ ਗੇੜ ਦੀ ਗੱਲਬਾਤ ਸ਼ੁਰੂ ਹੋਵੇਗੀ।

- ਉਪ-ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਨੇ ਕਿਹਾ ਏ ਕਿ, ਸਹੀਂ ਮਾਇਨੇ ਵਿੱਚ ਵਿਕਸਿਤ ਭਾਰਤ ਨੂੰ ਆਪਣੇ ਨਾਗਰਿਕਾਂ ਅਤੇ ਪਰਿਵਾਰਕ ਕਦਰਾਂ-ਕੀਮਤਾਂ 'ਤੇ ਭਰੋਸਾ ਰੱਖਣਾ ਚਾਹੀਦਾ ਏ।

- 2026 ਦੀਆਂ ਏਸ਼ੀਆਈ ਖੇਡਾਂ, ਜਾਪਾਨ ਦੇ ਨਾਗੋਯਾ ਵਿੱਚ ਅਧਿਕਾਰਤ ਤੌਰ 'ਤੇ ਖਤਮ ਹੋ ਗਈਆਂ ਨੇ।

## *ਹੁਣ ਖਬਰਾਂ ਵਿਸਥਾਰ ਨਾਲ*

ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਨੇ ਕਿਹਾ ਏ ਕਿ ਅੰਤਰਰਾਸ਼ਟਰੀ ਸ਼ਾਂਤੀ ਅਤੇ ਸੁਰੱਖਿਆ, ਸਪਲਾਈ ਚੇਨ ਦੀ ਮਜ਼ਬੂਤੀ ਅਤੇ ਸੰਪਰਕ, ਉੱਭਰਦੀਆਂ ਅਤੇ ਦਰਮਿਆਨੇ ਦਰਜੇ ਦੀਆਂ ਤਾਕਤਾਂ ਲਈ ਮੁੱਖ ਏਜੰਡਾ ਨੇ। ਨਵੀਂ ਦਿੱਲੀ ਵਿਖੇ 62ਵੇਂ ਮਿਊਨਿਖ ਸੁਰੱਖਿਆ ਸੰਮੇਲਨ ਦੌਰਾਨ ਬੋਲਦਿਆਂ, ਡਾ. ਜੈਸ਼ੰਕਰ ਨੇ ਕਿਹਾ ਕਿ 'ਗਲੋਬਲ ਸਾਊਥ'  ਅਤੇ 'ਗਲੋਬਲ ਨੌਰਥ' ਦੇ ਉੱਭਰਦੇ ਅਤੇ ਦਰਮਿਆਨੇ ਪੱਧਰ ਦੇ ਦੇਸ਼ਾਂ ਦੇ ਟੀਚੇ ਸਾਂਝੇ ਨੇ, ਅਤੇ ਇਹ ਵਿਸ਼ਾ, ਬਹੁਤ ਮਹੱਤਵਪੂਰਨ ਬਣਨ ਜਾ ਰਿਹਾ ਏ।

**BYTE: JAISHANKAR**

ਡਾ. ਜੈਸ਼ੰਕਰ ਨੇ ਕਿਹਾ ਕਿ ਉੱਭਰਦੀਆਂ ਅਤੇ ਦਰਮਿਆਨੇ ਦਰਜੇ ਦੀਆਂ ਤਾਕਤਾਂ ਦੁਆਰਾ ਬਦਲਿਆ ਜਾ ਰਿਹਾ ਦੁਨੀਆ ਦਾ ਦ੍ਰਿਸ਼, ਅਮਰੀਕਾ ਦੀ ਬਦਲਦੀ ਸਥਿਤੀ, ਚੀਨ ਦੇ ਉਭਾਰ ਅਤੇ ਦੇਸ਼ਾਂ ਵਿਚਕਾਰ ਵਧ ਰਹੀ ਨਿਰਭਰਤਾ ਦੀ ਬਹਿਸ ਨੂੰ ਜਨਮ ਦੇ ਰਿਹਾ ਏ।

ਕਵਾਡ ਦੀ ਉਦਾਹਰਣ ਦਿੰਦਿਆਂ ਉਨ੍ਹਾਂ ਕਿਹਾ ਕਿ ਉੱਭਰ ਰਹੇ ਦਰਮਿਆਨੇ ਪੱਧਰ ਦੇ ਦੇਸ਼ਾਂ ਅਤੇ ਪ੍ਰਮੁੱਖ ਤਾਕਤਾਂ ਵਿਚਕਾਰ ਸਹਿਯੋਗ ਸੰਭਵ ਏ।

---------------------------------------------------------

ਪ੍ਰਧਾਨ ਮੰਤਰੀ ਦੇ ਪ੍ਰਿੰਸੀਪਲ ਸਕੱਤਰ-II, ਸ਼ਕਤੀਕਾਂਤ ਦਾਸ ਸਰਕਾਰ ਨੇ ਕਿਹਾ ਏ ਕਿ ਹਾਲੀਆ ਸਾਲਾਂ ਵਿੱਚ ਭਾਰਤ ਦੀ ਆਰਥਿਕ ਮਜ਼ਬੂਤੀ ਦਾ ਮੁੱਖ ਕਾਰਨ ਵਿੱਤੀ ਖੇਤਰ ਵਿੱਚ ਕੀਤੇ ਗਏ ਸੁਧਾਰ ਰਹੇ ਨੇ। ਉਨ੍ਹਾਂ ਕਿਹਾ ਕਿ 'ਦੀਵਾਲੀਆਪਨ ਅਤੇ ਦੀਵਾਲੀਆ ਜ਼ਾਬਤਾ', ਬੈਂਕਾਂ ਦੇ ਪੁਨਰ ਪੂੰਜੀਕਰਨ ਅਤੇ ਉਸਾਰੂ ਨੇਮਬਧ ਨਿਗਰਾਨੀ ਵਰਗੇ ਸੁਧਾਰਾਂ ਨੇ ਭਾਰਤ ਦੇ ਵਿੱਤੀ ਖੇਤਰ ਨੂੰ ਆਰਥਿਕ ਵਿਕਾਸ ਦੇ ਇੱਕ ਮਜ਼ਬੂਤ ਥੰਮ੍ਹ ਵਜੋਂ ਉਭਰਨ ਦੇ ਯੋਗ ਬਣਾਇਆ ਏ। ਅੱਜ ਨਵੀਂ ਦਿੱਲੀ ਵਿੱਚ 'ਕੌਟਿਲਿਆ ਆਰਥਿਕ ਸੰਮੇਲਨ 2026' ਨੂੰ ਸੰਬੋਧਨ ਕਰਦਿਆਂ, ਸ੍ਰੀ ਦਾਸ ਨੇ ਦੱਸਿਆ ਕਿ ਇਸ ਸਾਲ ਜੂਨ ਵਿੱਚ ਕੁੱਲ ਗੈਰ-ਕਾਰਜਸ਼ੀਲ ਸੰਪਤੀਆਂ ਘੱਟ ਕੇ 1.68 ਫੀਸਦੀ ਰਹਿ ਗਈਆਂ ਨੇ, ਜਦਕਿ ਬੈਂਕਾਂ ਦੇ ਮੁਨਾਫੇ ਵਿੱਚ ਕਾਫ਼ੀ ਸੁਧਾਰ ਹੋਇਆ।

ਸ੍ਰੀ ਦਾਸ ਨੇ ਕਿਹਾ ਕਿ ਬਾਹਰੀ ਖੇਤਰ ਦੇ ਸੁਚੱਜੇ ਪ੍ਰਬੰਧਨ ਨੇ ਸਮੁੱਚੀ ਆਰਥਿਕ ਸਥਿਰਤਾ ਵੱਲ ਭਾਰਤ ਦੇ ਯਤਨਾਂ ਨੂੰ ਵੀ ਮਜ਼ਬੂਤ ਕੀਤਾ ਏ।

ਸ਼੍ਰੀ ਦਾਸ ਨੇ ਕਿਹਾ ਕਿ 2025-26 ਲਈ ਚਾਲੂ ਖਾਤੇ ਦਾ ਘਾਟਾ, ਜੀਡੀਪੀ ਦੇ 0.6 ਫੀਸਦੀ 'ਤੇ, ਸੰਭਾਲਣਯੋਗ ਪੱਧਰ ਅੰਦਰ ਬਣਿਆ ਹੋਇਆ ਏ।

-------------------------------------------------------

ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਅਤੇ ਦਿਹਾਤੀ ਵਿਕਾਸ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਅੱਜ 'ਪ੍ਰਧਾਨ ਮੰਤਰੀ ਆਵਾਸ ਯੋਜਨਾ-ਗ੍ਰਾਮੀਣ 2.0' ਤਹਿਤ ਆਂਧਰਾ ਪ੍ਰਦੇਸ਼ ਵਿੱਚ ਤਿੰਨ ਲੱਖ ਮਕਾਨਾਂ ਲਈ 3,600 ਕਰੋੜ ਰੁਪਏ ਦੀ ਪਹਿਲੀ ਕਿਸ਼ਤ ਜਾਰੀ ਕੀਤੀ। ਇਹ ਸਮਾਗਮ ਗੁੰਟੂਰ ਜ਼ਿਲ੍ਹੇ ਵਿੱਚ ਮੁੱਖ ਮੰਤਰੀ ਐਨ. ਚੰਦਰਬਾਬੂ ਨਾਇਡੂ ਦੀ ਮੌਜੂਦਗੀ ਵਿੱਚ ਆਯੋਜਿਤ ਕੀਤਾ ਗਿਆ। ਸ਼੍ਰੀ ਚੌਹਾਨ ਨੇ 3D ਕੰਕਰੀਟ ਪ੍ਰਿੰਟਿੰਗ ਤਕਨਾਲੋਜੀ ਦੀ ਵਰਤੋਂ ਕਰਕੇ ਦੇਸ਼ ਦੇ ਪਹਿਲੇ ਅਜਮਾਇਸ਼ੀ ਹਾਊਸਿੰਗ ਪ੍ਰੋਜੈਕਟ ਦਾ ਨੀਂਹ ਪੱਥਰ ਵੀ ਰੱਖਿਆ। ਇਸ ਤਹਿਤ 14 ਕਰੋੜ ਰੁਪਏ ਦੀ ਲਾਗਤ ਨਾਲ 177 ਘਰਾਂ ਦੀ ਉਸਾਰੀ ਕੀਤੀ ਜਾਵੇਗੀ।

-------------------------------------------------------

ਭਾਰਤ ਅਤੇ ਕੈਨੇਡਾ ਕੱਲ੍ਹ ਓਟਾਵਾ ਵਿੱਚ ਤਜਵੀਜ਼ਸ਼ੁਦਾ 'ਵਿਆਪਕ ਆਰਥਿਕ ਭਾਈਵਾਲੀ ਸਮਝੌਤੇ' (CEPA) ਬਾਰੇ ਗੱਲਬਾਤ ਦਾ ਪੰਜਵਾਂ ਗੇੜ ਸ਼ੁਰੂ ਕਰਨਗੇ। ਦੋਵੇਂ ਦੇਸ਼ ਇਸ ਸਾਲ ਦੇ ਅੰਤ ਤੱਕ ਇਸ ਵਪਾਰਕ ਸਮਝੌਤੇ ਨੂੰ ਅੰਤਿਮ ਰੂਪ ਦੇਣਾ ਚਾਹੁੰਦੇ ਨੇ। ਦੋਵਾਂ ਦੇਸ਼ਾਂ ਦੇ ਮੁੱਖ ਵਾਰਤਾਕਾਰਾਂ ਦੀ ਅਗਵਾਈ ਵਿੱਚ ਹੋਣ ਵਾਲੀ ਪੰਜ-ਰੋਜ਼ਾ ਗੱਲਬਾਤ 9 ਅਕਤੂਬਰ ਤੱਕ ਜਾਰੀ ਰਹੇਗੀ। ਗੱਲਬਾਤ ਦਾ ਚੌਥਾ ਗੇੜ 18 ਸਤੰਬਰ ਨੂੰ

ਨਵੀਂ ਦਿੱਲੀ ਵਿੱਚ ਹੋਇਆ ਸੀ। ਦੋਵਾਂ ਦੇਸ਼ਾਂ ਦੇ ਅਧਿਕਾਰੀ ਹੁਣ ਸਮਝੌਤੇ ਨੂੰ ਅੰਤਿਮ ਰੂਪ ਦੇਣ ਦੀ ਦਿਸ਼ਾ ਵਿੱਚ ਤੇਜ਼ੀ ਨਾਲ ਅੱਗੇ ਵਧਣ ਲਈ ਉਤਸੁਕ ਨੇ।

ਇਸ ਸਾਲ ਮਾਰਚ ਵਿੱਚ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਸਾਲ ਦੇ ਅੰਤ ਤੱਕ, ਇਸ ਸਮਝੌਤੇ ਨੂੰ ਅੰਤਿਮ ਰੂਪ ਦੇਣ ਦਾ ਟੀਚਾ ਮਿੱਥਿਆ ਸੀ। ਦੋਵਾਂ ਆਗੂਆਂ ਨੇ ਨਵੀਂ ਦਿੱਲੀ ਵਿੱਚ ਹੋਈ ਇੱਕ ਮੀਟਿੰਗ ਦੌਰਾਨ, ਊਰਜਾ ਅਤੇ ਮਹੱਤਵਪੂਰਨ ਖਣਿਜਾਂ ਦੇ ਖੇਤਰਾਂ ਵਿੱਚ, ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਬਾਰੇ ਸਹਿਮਤੀ ਪ੍ਰਗਟਾਈ।

---

ਉਪ-ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਨੇ ਅੱਜ ਕਿਹਾ ਕਿ ਇੱਕ ਸੱਚੇ ਵਿਕਸਿਤ ਭਾਰਤ ਨੂੰ ਆਪਣੇ ਨਾਗਰਿਕਾਂ, ਪਰਿਵਾਰਕ ਕਦਰਾਂ-ਕੀਮਤਾਂ, ਚੰਗੇ ਚਰਿੱਤਰ ਵਾਲੇ ਨੌਜਵਾਨਾਂ ਅਤੇ ਸਮਾਜ ਵਿੱਚ ਹਮਦਰਦੀ ਦੀ ਭਾਵਨਾ 'ਤੇ ਭਰੋਸਾ ਰੱਖਣਾ ਚਾਹੀਦਾ ਏ। ਉਨ੍ਹਾਂ ਨੇ ਇਹ ਗੱਲ ਮਾਫ਼ੀ ਮੰਗਣ ਲਈ ਮਨਾਏ ਜਾਨ ਵਾਲੇ 'Mahaparva Kshamapana' ਸਮਾਰੋਹ ਦੌਰਾਨ ਕਹੀ। ਇਹ ਸਮਾਗਮ ਨਵੀਂ ਦਿੱਲੀ ਵਿੱਚ ਭਗਵਾਨ ਮਹਾਵੀਰ ਮੈਮੋਰੀਅਲ ਕਮੇਟੀ ਅਤੇ ਜੈਨ ਮਹਾਸਭਾ ਵੱਲੋਂ ਆਯੋਜਿਤ ਕੀਤਾ ਗਿਆ ਸੀ। ਉਪ ਰਾਸ਼ਟਰਪਤੀ ਨੇ ਕਿਹਾ ਕਿ ਇਹ ਮਾਫ਼ੀ, ਦੋਸਤੀ, ਅਹਿੰਸਾ ਅਤੇ ਅੰਦਰੂਨੀ

ਸ਼ੁੱਧੀਕਰਨ ਵਰਗੇ ਵਿਸ਼ਵਵਿਆਪੀ ਜੀਵਨ-ਮੁੱਲਾਂ ਦਾ ਉਤਸਵ ਮਨਾਉਣ ਦਾ ਮੌਕਾ ਏ।

ਉਪ ਰਾਸ਼ਟਰਪਤੀ ਨੇ ਕਿਹਾ ਕਿ ਜੈਨ ਪਰੰਪਰਾ ਨੇ, ਮੁਆਫ਼ੀ ਨੂੰ ਇੱਕ ਅਧਿਆਤਮਿਕ ਅਨੁਸ਼ਾਸਨ ਵਿੱਚ ਬਦਲ ਦਿੱਤਾ ਏ, ਜੋ ਅੱਜ ਸਮੁੱਚੀ ਮਨੁੱਖਤਾ ਲਈ ਬਹੁਤ ਮਹੱਤਵਪੂਰਨ ਏ।

---------------------------------------------------

ਭਾਰਤੀ ਜਨਤਾ ਪਾਰਟੀ ਨੇ ਉੱਤਰਾਖੰਡ ਵਿੱਚ ਰਾਜ ਸਭਾ ਦੀ ਦੋ-ਸਾਲਾਂ ਚੋਣ ਲਈ, ਦਿਨੇਸ਼ ਆਰੀਆ ਨੂੰ ਆਪਣਾ ਉਮੀਦਵਾਰ ਬਣਾਇਆ ਏ। ਪਾਰਟੀ ਨੇ, ਪੱਛਮੀ ਬੰਗਾਲ ਵਿੱਚ ਰਾਜ ਸਭਾ ਦੀ ਜ਼ਿਮਨੀ ਚੋਣ ਲਈ, ਰੁਕਮਿਣੀ ਮਲਿਕ ਨੂੰ ਉਮੀਦਵਾਰ ਐਲਾਨਿਆ ਏ। ਪਾਰਟੀ ਦੀ ਕੇਂਦਰੀ ਚੋਣ ਕਮੇਟੀ ਨੇ ਇਨ੍ਹਾਂ ਦੋਵਾਂ ਨਾਵਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਉੱਤਰ ਪ੍ਰਦੇਸ਼, ਉੱਤਰਾਖੰਡ ਅਤੇ ਪੱਛਮੀ ਬੰਗਾਲ ਵਿੱਚ ਰਾਜ ਸਭਾ ਸੀਟਾਂ ਲਈ ਵੋਟਿੰਗ ਇਸ ਮਹੀਨੇ ਦੀ 16 ਤਰੀਕ ਨੂੰ ਹੋਵੇਗੀ। ਉੱਤਰ ਪ੍ਰਦੇਸ਼ ਦੀਆਂ ਦਸ ਅਤੇ ਉੱਤਰਾਖੰਡ ਦੀ ਇੱਕ ਰਾਜ ਸਭਾ ਸੀਟ ਲਈ ਵੀ ਚੋਣਾਂ ਹੋਣਗੀਆਂ। ਇਸ ਤੋਂ ਇਲਾਵਾ, ਪੱਛਮੀ ਬੰਗਾਲ ਦੀ ਇੱਕ ਰਾਜ ਸਭਾ ਸੀਟ ਲਈ ਵੀ ਜ਼ਿਮਨੀ ਚੋਣ ਵੀ ਕਰਵਾਈ ਜਾਵੇਗੀ।

---------------------------------------------------

ਤਮਿਲਨਾਡੂ, ਪੁਦੂਚੇਰੀ ਅਤੇ ਪੱਛਮੀ ਬੰਗਾਲ ਵਿੱਚ ਵਿਧਾਨ ਸਭਾ ਦੀਆਂ ਪੰਜ ਸੀਟਾਂ ਅਤੇ ਅਸਾਮ ਵਿੱਚ ਲੋਕ ਸਭਾ ਦੀ ਇੱਕ ਸੀਟ ਦੀਆਂ ਜ਼ਿਮਨੀ ਚੋਣਾਂ ਲਈ ਪ੍ਰਚਾਰ ਅੱਜ ਖਤਮ ਹੋ ਗਿਆ ਏ। ਇਨ੍ਹਾਂ ਛੇ ਸੀਟਾਂ ਲਈ ਵੋਟਾਂ ਮੰਗਲਵਾਰ ਨੂੰ ਪੈਣਗੀਆਂ, ਜਦਕਿ ਵੋਟਾਂ ਦੀ ਗਿਣਤੀ ਸ਼ੁੱਕਰਵਾਰ ਹੋਵੇਗੀ।

---------------------------------------------------------

ਭਾਰਤੀ ਜਨਤਾ ਪਾਰਟੀ ਨੇ ਕੈਪਟਨ ਸਮਿਤ ਮੱਛਾਰ ਦੀ ਬਹਾਦਰੀ ਬਾਰੇ ਚੁੱਪ ਧਾਰੀ ਰੱਖਣ ਲਈ, ਕਾਂਗਰਸ ਪਾਰਟੀ ਦੀ ਆਲੋਚਨਾ ਕੀਤੀ ਏ। ਬੀਜੇਪੀ ਦੇ ਬੁਲਾਰੇ ਡਾ. ਸੁਧਾਂਸ਼ੂ ਤ੍ਰਿਵੇਦੀ ਨੇ ਨਵੀਂ ਦਿੱਲੀ ਵਿੱਚ ਮੀਡੀਆ ਨੂੰ ਦੱਸਿਆ ਕਿ ਪੂਰੇ ਦੇਸ਼ ਨੂੰ, ਕੈਪਟਨ ਸਮਿਤ ਦੀ ਅਸਧਾਰਨ ਬਹਾਦਰੀ 'ਤੇ ਮਾਣ ਏ। ਡਾ. ਤ੍ਰਿਵੇਦੀ ਨੇ ਕਿਹਾ ਕਿ ਜਿੱਥੇ ਭਾਰਤ ਅਤੇ ਦੁਨੀਆ ਭਰ ਵਿੱਚ ਕੈਪਟਨ ਸਮਿਤ ਦੀ ਬਹਾਦਰੀ ਦੀ ਸ਼ਲਾਘਾ ਕੀਤੀ ਜਾ ਰਹੀ ਏ, ਉੱਥੇ ਹੀ ਕਾਂਗਰਸ ਲੀਡਰਸ਼ਿਪ ਇਸ ਪ੍ਰਾਪਤੀ 'ਤੇ ਚੁੱਪ ਧਾਰੀ ਬੈਠੀ ਏ।

---------------------------------------------------------

ਦਿੱਲੀ ਪੁਲਿਸ ਦੀ ਕ੍ਰਾਈਮ ਬ੍ਰਾਂਚ ਨੇ ਗੈਰ-ਕਾਨੂੰਨੀ ਹਥਿਆਰ ਰੱਖਣ ਦੇ ਮਾਮਲੇ ਵਿੱਚ, ਪਾਲਮ ਤੋਂ ਇੱਕ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਏ। ਮੁਲਜ਼ਮਾਂ ਕੋਲੋਂ ਦੇਸੀ ਪਿਸਤੌਲ, ਦੋ ਜਿੰਦਾ ਕਾਰਤੂਸ ਅਤੇ ਇੱਕ ਏਅਰ ਗੰਨ ਬਰਾਮਦ ਕੀਤੀ ਗਈ ਏ। ਮਾਮਲੇ ਦੀ ਅਗਲੇਰੀ ਜਾਂਚ ਚੱਲ ਰਹੀ ਏ।

--------------------------------------------------

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸਿੰਗਾਪੁਰ ਦੇ ਆਪਣੇ ਦੌਰੇ ਦੌਰਾਨ, ਅੱਜ ਮਸ਼ਹੂਰ 'ਸਨਟੈਕ ਸਿਟੀ' ਦਾ ਦੌਰਾ ਕੀਤਾ। ਉਨ੍ਹਾਂ ਨੇ ਸ਼ਹਿਰ ਦੇ ਕਨਵੈਨਸ਼ਨ ਸੈਂਟਰ, ਉਸਾਰੀ ਤਕਨੀਕਾਂ, ਆਧੁਨਿਕ ਇੰਜੀਨੀਅਰਿੰਗ ਅਤੇ ਸੰਚਾਲਨ ਪ੍ਰਣਾਲੀਆਂ ਦਾ ਨਿਰੀਖਣ ਕੀਤਾ। ਸ੍ਰੀ ਸੈਣੀ ਨੇ ਕਿਹਾ ਕਿ ਹਰਿਆਣਾ ਸਰਕਾਰ ਗੁਰੂਗ੍ਰਾਮ ਵਿੱਚ ਲਗਭਗ 25 ਏਕੜ ਰਕਬੇ ਵਿੱਚ ਇੱਕ ਵਿਸ਼ਵ-ਪੱਧਰੀ ਕਨਵੈਨਸ਼ਨ ਸੈਂਟਰ ਵਿਕਸਤ ਕਰੇਗੀ।

ਗੁਰੂਗ੍ਰਾਮ ਵਿੱਚ ਤਜਵੀਜ਼ਸ਼ੁਦਾ ਕਨਵੈਨਸ਼ਨ ਸੈਂਟਰ ਦਾ ਨਿਰਮਾਣ ਅਤਿ-ਆਧੁਨਿਕ ਤਕਨਾਲੋਜੀ ਅਤੇ ਆਧੁਨਿਕ ਇੰਜੀਨੀਅਰਿੰਗ ਦੀ ਵਰਤੋਂ ਰਾਹੀਂ ਕੀਤਾ ਜਾਵੇਗਾ। ਇੱਥੇ ਵੱਡੀਆਂ ਅੰਤਰਰਾਸ਼ਟਰੀ ਕਾਨਫਰੰਸਾਂ, ਵਪਾਰਕ ਮੀਟਿੰਗਾਂ, ਪ੍ਰਦਰਸ਼ਨੀਆਂ ਅਤੇ ਹੋਰ ਵਿਸ਼ਵ-ਪੱਧਰੀ ਸਮਾਗਮ ਆਯੋਜਿਤ ਕੀਤੇ ਜਾਣਗੇ।

--------------------------------------------------

2026 ਦੀਆਂ ਏਸ਼ੀਆਈ ਖੇਡਾਂ, ਜਾਪਾਨ ਦੇ ਨਾਗੋਯਾ ਵਿੱਚ ਅਧਿਕਾਰਤ ਤੌਰ 'ਤੇ ਖਤਮ ਹੋ ਗਈਆਂ ਨੇ. OLYMPIC COUNCIL OF ASIA ਦੇ ਪ੍ਰਧਾਨ ਨੇ ਬਾਕਾਇਦਾ ਖੇਡਾਂ ਦੀ ਸਮਾਪਤੀ ਦਾ ਐਲਾਨ ਕੀਤਾ। ਇਸ ਸਮਾਗਮ ਦੌਰਾਨ, ਖੇਡਾਂ ਦੀ ਮਸ਼ਾਲ ਅਤੇ ਝੰਡਾ, 2030 ਦੀਆਂ ਏਸ਼ੀਆਈ ਖੇਡਾਂ ਦੇ ਮੇਜ਼ਬਾਨ ਕਤਰ ਨੂੰ ਸੌਂਪੇ ਗਏ। ਨਿਸ਼ਾਨੇਬਾਜ਼ੀ ਵਿੱਚ ਸੋਨੇ ਦੇ ਦੋ ਤਮਗੇ ਅਤੇ ਚਾਂਦੀ ਦਾ ਇੱਕ ਤਮਗਾ ਜਿੱਤਣ ਵਾਲੀ, ਨੀਰੂ ਢਾਂਡਾ ਨੇ

ਸਮਾਪਤੀ ਸਮਾਰੋਹ ਦੌਰਾਨ ਝੰਡਾ-ਵਾਹਕ ਵਜੋਂ ਭਾਰਤੀ ਦਲ ਦੀ ਅਗਵਾਈ ਕੀਤੀ। ਭਾਰਤ ਨੇ ਸੋਨੇ ਦੇ 21, ਚਾਂਦੀ ਦੇ 27 ਅਤੇ ਕਾਂਸੀ ਦੇ 37 ਤਮਗਿਆਂ ਸਮੇਤ ਕੁੱਲ 85 ਤਮਗਿਆਂ ਨਾਲ ਤਮਗਾ ਸੂਚੀ ਵਿੱਚ ਚੌਥਾ ਸਥਾਨ ਹਾਸਲ ਕੀਤਾ।

---------------------------------------------------

ਉਪ-ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਨੇ ਏਸ਼ੀਆਈ ਖੇਡਾਂ ਵਿੱਚ 85 ਤਮਗਿਆਂ ਨਾਲ ਚੌਥਾ ਸਥਾਨ ਹਾਸਲ ਕਰਨ 'ਤੇ ਭਾਰਤੀ ਟੀਮ ਨੂੰ ਵਧਾਈ ਦਿੱਤੀ ਏ। ਸੋਸ਼ਲ ਮੀਡੀਆ 'ਤੇ ਇੱਕ ਸੰਦੇਸ਼ ਵਿੱਚ, ਉਪ ਰਾਸ਼ਟਰਪਤੀ ਨੇ ਤਗਮਾ ਜੇਤੂਆਂ, ਖਿਡਾਰੀਆਂ, ਕੋਚਾਂ, ਸਹਾਇਕ ਅਮਲੇ, ਅਧਿਕਾਰੀਆਂ ਅਤੇ ਸਮੁੱਚੇ ਭਾਰਤੀ ਦਲ ਦੀ ਸ਼ਾਨਦਾਰ ਕਾਰਗੁਜ਼ਾਰੀ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਖਿਡਾਰੀਆਂ ਦਾ ਇਹ ਪ੍ਰਦਰਸ਼ਨ ਖੇਡਾਂ ਦੀ ਦੁਨੀਆ ਵਿੱਚ ਭਾਰਤ ਦੇ ਵਧਦੇ ਕਦ ਅਤੇ ਨਿਰੰਤਰ ਉੱਤਮਤਾ ਨੂੰ ਦਰਸਾਉਂਦਾ ਏ।

---------------------------------------------------

ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਨ ਸੋਧ, SIR ਦੇ ਹਿੱਸੇ ਵਜੋਂ, ਸਾਰੇ ਵੋਟਰਾਂ ਦੇ ਨਾਮ ਦਰਜ ਕਰਨ ਲਈ ਅੱਜ ਰਾਜਧਾਨੀ ਭਰ ਵਿੱਚ ਵੱਖ-ਵੱਖ ਥਾਵਾਂ 'ਤੇ ਵਿਸ਼ੇਸ਼ ਕੈਂਪ ਲਗਾਏ ਗਏ। ਅਗਲਾ ਵਿਸ਼ੇਸ਼ ਕੈਂਪ 11 ਅਕਤੂਬਰ ਨੂੰ ਲਗਾਇਆ ਜਾਵੇਗਾ।

ਦਾਅਵੇ ਅਤੇ ਇਤਰਾਜ਼ ਦਾਖਲ ਕਰਨ ਦੀ ਆਖਰੀ ਤਰੀਕ 30 ਅਕਤੂਬਰ ਹੋਵੇਗੀ। ਅੰਤਿਮ ਵੋਟਰ ਸੂਚੀ 4 ਦਸੰਬਰ, 2026 ਨੂੰ ਪ੍ਰਕਾਸ਼ਿਤ ਕੀਤੀ ਜਾਵੇਗੀ।

---

ਸੱਤ OPEC+ ਦੇਸ਼ਾਂ—ਸਊਦੀ ਅਰਬ, ਰੂਸ, ਇਰਾਕ, ਕੁਵੈਤ, ਕਜ਼ਾਕਿਸਤਾਨ, ਅਲਜੀਰੀਆ ਅਤੇ ਓਮਾਨ—ਨੇ ਸਤੰਬਰ 2026 ਲਈ ਨਿਰਧਾਰਤ ਤੇਲ ਉਤਪਾਦਨ ਕੋਟੇ ਨੂੰ ਨਵੰਬਰ ਵਿੱਚ ਵੀ ਜਾਰੀ ਰੱਖਣ ਦਾ ਫੈਸਲਾ ਕੀਤਾ ਏ।

ਇਹ ਫੈਸਲਾ ਅੱਜ ਹੋਈ ਇੱਕ ਵਰਚੁਅਲ ਮੀਟਿੰਗ ਦੌਰਾਨ ਲਿਆ ਗਿਆ। ਮੀਟਿੰਗ ਵਿੱਚ, ਇਨ੍ਹਾਂ ਦੇਸ਼ਾਂ ਨੇ ਵਿਸ਼ਵ ਤੇਲ ਬਾਜ਼ਾਰ ਦੀ ਸਥਿਤੀ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਦੀ ਸਮੀਖਿਆ ਕੀਤੀ।

---

- ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਨੇ ਕਿਹਾ ਏ ਕਿ ਅੰਤਰਰਾਸ਼ਟਰੀ ਸ਼ਾਂਤੀ ਅਤੇ ਸੁਰੱਖਿਆ, ਸਪਲਾਈ ਚੇਨ ਦੀ ਮਜ਼ਬੂਤੀ ਅਤੇ ਸੰਪਰਕ, ਉੱਭਰਦੀਆਂ ਅਤੇ ਦਰਮਿਆਨੇ ਦਰਜੇ ਦੀਆਂ ਤਾਕਤਾਂ ਲਈ ਮੁੱਖ ਏਜੰਡਾ ਨੇ।

- ਸਰਕਾਰ ਨੇ ਕਿਹਾ ਏ ਕਿ ਹਾਲੀਆ ਸਾਲਾਂ ਵਿੱਚ, ਭਾਰਤ ਦੀ ਆਰਥਿਕ ਮਜ਼ਬੂਤੀ ਦਾ ਮੁੱਖ ਕਾਰਨ, ਵਿੱਤੀ ਖੇਤਰ ਵਿੱਚ ਕੀਤੇ ਗਏ ਸੁਧਾਰ ਰਹੇ ਨੇ।

- ਭਾਰਤ ਅਤੇ ਕੈਨੇਡਾ ਦਰਮਿਆਨ ਕੱਲ੍ਹ ਓਟਾਵਾ ਵਿੱਚ ਤਜਵੀਜ਼ਸ਼ੁਦਾ 'ਵਿਆਪਕ ਆਰਥਿਕ ਭਾਈਵਾਲੀ ਸਮਝੌਤੇ' (CEPA) ਬਾਰੇ ਪੰਜਵੇਂ ਗੇੜ ਦੀ ਗੱਲਬਾਤ ਸ਼ੁਰੂ ਹੋਵੇਗੀ।

- ਉਪ-ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਨੇ ਕਿਹਾ ਏ ਕਿ, ਸਹੀਂ ਮਾਇਨੇ ਵਿੱਚ ਵਿਕਸਿਤ ਭਾਰਤ ਨੂੰ ਆਪਣੇ ਨਾਗਰਿਕਾਂ ਅਤੇ ਪਰਿਵਾਰਕ ਕਦਰਾਂ-ਕੀਮਤਾਂ 'ਤੇ ਭਰੋਸਾ ਰੱਖਣਾ ਚਾਹੀਦਾ ਏ।

- 2026 ਦੀਆਂ ਏਸ਼ੀਆਈ ਖੇਡਾਂ, ਜਾਪਾਨ ਦੇ ਨਾਗੋਯਾ ਵਿੱਚ ਅਧਿਕਾਰਤ ਤੌਰ 'ਤੇ ਖਤਮ ਹੋ ਗਈਆਂ ਨੇ।

-----------------------------------------------------

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ. ਸਾਡਾ ਅਗਲਾ ਰਾਸ਼ਟਰੀ ਬੁਲੇਟਿਨ ਸਵੇਰੇ ਸਾਢੇ 8 ਵਜੇ ਹੋਵੇਗਾ. ਨਮਸਕਾਰ!**